**Public Guardian and Trustee of British Columbia**
**ਬ੍ਰਿਟਿਸ਼ ਕੋਲੰਬੀਆ ਦਾ ਪਬਲਿਕ ਗਾਰਡੀਅਨ ਅਤੇ ਟਰੱਸਟੀ**

**Who we are**
**ਅਸੀਂ ਕੌਣ ਹਾਂ**

The Public Guardian and Trustee......

ਪਬਲਿਕ ਗਾਰਡੀਅਨ ਅਤੇ ਟਰੱਸਟੀ (ਪੀ ਜੀ ਟੀ) ਇਕ ਕਾਰਪੋਰੇਸ਼ਨ ਹੈ ਜਿਹੜੀ ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ ਅਧੀਨ ਸਥਾਪਤ ਕੀਤੀ ਗਈ ਹੈ। ਇਸ ਸਮੇਂ ਜੇ ਚਾਕ, ਕਿਊ. ਸੀ., ਪਬਲਿਕ ਗਾਰਡੀਅਨ ਅਤੇ ਟਰੱਸਟੀ ਹੈ ਜਿਸ ਨੂੰ ਲੈਫਟੀਨੈਂਟ ਗਵਰਨਰ ਇਨ ਕਾਉਂਸਲ ਨੇ 28 ਫਰਵਰੀ 2006 ਤੋਂ ਸ਼ੁਰੂ ਹੋਣ ਵਾਲੀ ਛੇ ਸਾਲਾਂ ਦੀ ਦੂਸਰੀ ਅਵਧੀ (ਟਰਮ) ਲਈ ਨਿਯੁਕਤ ਕੀਤਾ ਸੀ।

ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਜ਼ਿੰਮੇਵਾਰੀ ਹੇਠ ਲਿਖਿਆਂ ਨੂੰ ਸੇਵਾਵਾਂ ਪ੍ਰਦਾਨ ਕਰਨਾ ਹੈ:

* ਉਹਨਾਂ ਦੇ ਕਾਨੂੰਨੀ ਅਤੇ ਵਿੱਤੀ ਹਿੱਤਾਂ ਦੀ ਰਾਖੀ ਕਰਕੇ 19 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਸੇਵਾਵਾਂ ਦੇਣਾ;
* ਉਹਨਾਂ ਦੇ ਕਾਨੂੰਨੀ ਅਧਿਕਾਰਾਂ, ਵਿੱਤੀ ਹਿੱਤਾਂ ਅਤੇ ਜਾਤੀ ਸੰਭਾਲ ਨਾਲ ਸੰਬੰਧਤ ਹਿੱਤਾਂ ਦੀ ਰਾਖੀ ਕਰਕੇ ਉਹਨਾਂ ਬਾਲਗਾਂ ਨੂੰ ਸੇਵਾਵਾਂ ਦੇਣਾ ਜਿਹਨਾਂ ਨੂੰ ਫੈਸਲੇ ਕਰਨ ਵਿੱਚ ਸਹਾਇਤਾ ਦੀ ਲੋੜ ਹੋਵੇ; ਅਤੇ
* ਮਰ ਗਏ ਵਿਅਕਤੀਆਂ ਦੇ ਵਾਰਸਾਂ ਅਤੇ ਲਾਭਪਾਤਰਾਂ ਨੂੰ ਸੇਵਾਵਾਂ ਦੇਣਾ, ਜਦੋਂ ਮਰ ਗਏ ਅਤੇ ਲਾਪਤਾ ਹੋ ਗਏ ਵਿਅਕਤੀਆਂ ਦੀ ਜਾਇਦਾਦ ਦਾ ਪ੍ਰਬੰਧ ਕਰਨ ਲਈ ਕੋਈ ਚਾਹਵਾਨ ਅਤੇ ਯੋਗ ਵਿਅਕਤੀ ਨਾ ਹੋਵੇ, ਅਤੇ ਜਾਤੀ (ਪਰਸਨਲ) ਟਰੱਸਟਾਂ ਦੇ ਲਾਭਪਾਤਰਾਂ ਨੂੰ ਸੇਵਾਵਾਂ ਦੇਣਾ।

ਪਬਲਿਕ ਗਾਰਡੀਅਨ ਅਤੇ ਟਰੱਸਟੀ 224 ਕਰਮਚਾਰੀਆਂ ਰਾਹੀਂ 32110 ਦੇ ਲਗਭਗ ਅਸਾਮੀਆਂ (ਕਲਾਇੰਟਸ) ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ 76 ਕਰੋੜ 50 ਲੱਖ (765 ਮਿਲੀਅਨ) ਡਾਲਰ ਦੇ ਕਰੀਬ ਦੀ ਟਰੱਸਟ ਵਿੱਚ ਪਈ ਜਾਇਦਾਦ ਦਾ ਪ੍ਰਬੰਧ ਕਰਦਾ ਹੈ।

ਕਿਸੇ ਵਿਅਕਤੀ, ਇਸਟੇਟ ਜਾਂ ਟਰੱਸਟ ਦੇ ਵਿੱਤੀ ਮਾਮਲਿਆਂ ਦੀ ਦੇਖਭਾਲ ਕਰਦੇ ਵਕਤ, ਪਬਲਿਕ ਗਾਰਡੀਅਨ ਅਤੇ ਟਰੱਸਟੀ ਵਪਾਰ ਦੇ ਸੂਝਵਾਨ ਅਮਲਾਂ ਦੀ ਪਾਲਣਾ ਕਰਦਾ ਹੈ ਅਤੇ ਟਰੱਸਟੀ ਜਾਂ ਏਜੰਟ ਨਾਲ ਸੰਬੰਧਤ ਕਾਮਨ ਲਾਅ ਅਤੇ ਲਿਖਤੀ ਕਾਨੂੰਨ (ਸਟੈਚੂਟਰੀ ਲਾਅ) ਦੇ ਅਮਾਨਤੀ-ਨਿਯਮਾਂ ਦਾ ਪਾਬੰਦ ਹੁੰਦਾ ਹੈ।

ਲਿਖਤੀ ਕਾਨੂੰਨ (ਸਟੈਚੂਟਰੀ ਲਾਅ) ਵਲੋਂ ਸਥਾਪਤ ਜ਼ਿੰਮੇਵਾਰੀਆਂ ਦੇ ਨਤੀਜੇ ਵੱਜੋਂ, ਪਬਲਿਕ ਗਾਰਡੀਅਨ ਅਤੇ ਟਰੱਸਟੀ ਖਾਸ ਸਥਿਤੀਆਂ ਵਿੱਚ ਅਰਧ-ਨਿਆਂਇਕ ਅਧਿਕਾਰ ਦੀ ਵਰਤੋਂ ਕਰਦਾ ਹੈ। ਇਸ ਦੇ ਨਾਲ ਹੀ ਜਦੋਂ ਕਿਸੇ ਨਾਬਾਲਗ, ਕਾਨੂੰਨੀ ਅਯੋਗਤਾ ਵਾਲੇ ਬਾਲਗ ਜਾਂ ਇਸਟੇਟ ਦੀ ਜਾਇਦਾਦ ਜਾਂ ਵਿੱਤੀ ਹਿੱਤਾਂ ਨੂੰ ਖਤਰਾ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਅਦਾਲਤ ਨੂੰ ਭਰੋਸੇਯੋਗ ਅਤੇ ਅਜ਼ਾਦ ਸਲਾਹ ਪ੍ਰਦਾਨ ਕਰਦਾ ਹੈ।

ਆਪਣੀ ਅਸਾਮੀ (ਕਲਾਇੰਟ) ਦੀਆਂ ਫੈਸਲਾ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਸਮੇਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਸਰਕਾਰ ਤੋਂ ਅਜ਼ਾਦ ਕੰਮ ਕਰਦਾ ਹੈ।

ਇਸ ਨੂੰ (ਆਪਣੀ ਭਾਸ਼ਾ ਦਾ ਨਾਂ ਲਿਖੋ) ਵਿੱਚ ਪੜ੍ਹਨ ਲਈ ਇੱਥੇ ਕਲਿੱਕ ਕਰੋ।